# NSW Energy Rebate Information - Punjabi

## NSW ਊਰਜਾ ਛੋਟ ਜਾਣਕਾਰੀ

ਹੇਠ ਲਿਖੀ ਜਾਣਕਾਰੀ ਖਾਸ ਤੌਰ 'ਤੇ ਨਿਊ ਸਾਊਥ ਵੇਲਜ਼ ਦੇ ਗਾਹਕਾਂ ਲਈ ਹੈ। ਨਿਊ ਸਾਊਥ ਵੇਲਜ਼ ਊਰਜਾ ਛੋਟਾਂ ਅਤੇ ਪ੍ਰੋਗਰਾਮਾਂ ਨੂੰ NSW ਦੀ ਸਰਕਾਰ ਦੁਆਰਾ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ।
ਤੁਸੀਂ ਹੇਠਾਂ ਦਿੱਤੀ ਜਾਣਕਾਰੀ ਦੀ ਵਰਤੋਂ ਵੱਖ-ਵੱਖ ਛੋਟਾਂ, ਸਕੀਮਾਂ ਜਾਂ ਭੁਗਤਾਨਾਂ ਵਾਸਤੇ ਆਪਣੀ ਯੋਗਤਾ ਦੀ ਜਾਂਚ ਕਰਨ ਲਈ ਕਰ ਸਕਦੇ ਹੋ। ਨਹੀਂ ਤਾਂ, ਦੂਸਰੀਆਂ ਸਹਾਇਤਾਵਾਂ ਬਾਰੇ ਹੋਰ ਜਾਣਨ ਲਈ ਜਿਨ੍ਹਾਂ ਲਈ ਤੁਸੀਂ ਯੋਗ ਹੋ ਸਕਦੇ ਹੋ, ਆਸਟ੍ਰੇਲੀਆ ਦੀ ਸਰਕਾਰ ਦੀਆਂ ਛੋਟਾਂ ਅਤੇ ਸਹਾਇਤਾ ਅਤੇ ਨਿਊ ਸਾਊਥ ਵੇਲਜ਼ ਸਰਕਾਰ ਊਰਜਾ ਛੋਟ ਲੱਭੋ 'ਤੇ ਜਾਓ ।

## ਛੋਟਾਂ, ਸਕੀਮਾਂ ਅਤੇ ਭੁਗਤਾਨ

ਤੀਜੀਆਂ ਧਿਰਾਂ ਅਤੇ ਸਰਕਾਰ ਤੋਂ ਉਪਲਬਧ ਵੱਖ-ਵੱਖ ਸਕੀਮਾਂ ਬਾਰੇ ਜਾਣਕਾਰੀ ਜੋ ਤੁਹਾਡੇ ਲਈ ਉਪਲਬਧ ਹੋ ਸਕਦੀਆਂ ਹਨ, ਹੇਠਾਂ ਦਿੱਤੀ ਗਈ ਹੈ। ਅਸੀਂ ਇੱਥੇ ਦਿੱਤੇ ਗਏ ਡਾਲਰਾਂ ਦੀ ਜਾਣਕਾਰੀ ਨੂੰ ਨਵੀਨਤਮ ਬਣਾਈ ਰੱਖਣ ਦੀ ਕੋਸ਼ਿਸ਼ ਕਰਦੇ ਹਾਂ। ਹਾਲਾਂਕਿ, ਉਹ ਸਮੇਂ-ਸਮੇਂ 'ਤੇ ਬਦਲ ਸਕਦੀ ਹੈ।

### ਘੱਟ ਆਮਦਨੀ ਵਾਲੇ ਪਰਿਵਾਰ ਲਈ ਛੋਟ

#### ਘੱਟ ਆਮਦਨੀ ਵਾਲੇ ਪਰਿਵਾਰ ਲਈ ਛੋਟ ਕੀ ਹੈ?

ਘੱਟ ਆਮਦਨੀ ਵਾਲੇ ਪਰਿਵਾਰ ਲਈ ਛੋਟ ਯੋਗ ਗਾਹਕਾਂ ਨੂੰ ਉਨ੍ਹਾਂ ਦੇ ਬਿਜਲੀ ਬਿੱਲਾਂ ਦਾ ਭੁਗਤਾਨ ਕਰਨ ਵਿੱਚ ਸਹਾਇਤਾ ਕਰਨ ਲਈ ਤਿਆਰ ਕੀਤੀ ਗਈ ਹੈ।

#### ਘੱਟ ਆਮਦਨੀ ਵਾਲੇ ਪਰਿਵਾਰ ਲਈ ਛੋਟ ਕਿੰਨੀ ਹੈ?

ਇਹ ਛੋਟ ਕਿਸੇ ਯੋਗ ਗਾਹਕ ਨੂੰ ਜਾਰੀ ਕੀਤੇ ਗਏ ਹਰੇਕ ਬਿਜਲੀ ਦੇ ਬਿੱਲ (ਦਿਨਾਂ ਦੇ ਆਧਾਰ 'ਤੇ ਗਣਨਾ ਕੀਤੀ ਜਾਂਦੀ ਹੈ) ਉਪਰ ਪ੍ਰਤੀ ਵਿੱਤੀ ਸਾਲ ਪ੍ਰਤੀ ਪਰਿਵਾਰ ਕੁੱਲ $285 ਤੱਕ ਜਮ੍ਹਾਂ ਰਾਸ਼ੀ ਵਜੋਂ ਦਿਖਾਈ ਦਿੰਦੀ ਹੈ।

#### ਕੀ ਤੁਸੀਂ ਯੋਗ ਹੋ?

ਘੱਟ ਆਮਦਨੀ ਵਾਲੇ ਪਰਿਵਾਰ ਲਈ ਛੋਟ ਲਈ ਯੋਗ ਹੋਣ ਲਈ ਤੁਹਾਡਾ ਲਾਜ਼ਮੀ ਤੌਰ 'ਤੇ:

- NSW ਵਿੱਚ ਆਪਣੇ ਘਰ ਵਾਸਤੇ ਬਿਜਲੀ ਦਾ ਖਾਤਾ ਹੋਵੇ
- ਬਿਜਲੀ ਖਾਤੇ ਲਈ ਖਾਤਾ ਧਾਰਕ ਹੋਵੋ (ਮਤਲਬ ਖਾਤਾ ਅਤੇ ਬਿੱਲ ਤੁਹਾਡੇ ਨਾਮ 'ਤੇ ਹੋਣਾ ਚਾਹੀਦਾ ਹੈ)
- ਤੁਹਾਡੇ ਕੋਲ ਇਹ ਹੋਵੇ:
  - i) ਸਰਵਿਸਿਜ਼ ਆਸਟ੍ਰੇਲੀਆ (SA)/ਵੈਟਰਨਜ਼ ਅਫੇਅਰਜ਼ ਵਿਭਾਗ (DVA) ਦੁਆਰਾ ਜਾਰੀ ਕੀਤਾ ਪੈਨਸ਼ਨਰ ਰਿਆਇਤ ਕਾਰਡ; ਜਾਂ
  - ii) SA ਦੁਆਰਾ ਜਾਰੀ ਕੀਤਾ ਗਿਆ ਹੈਲਥ ਕੇਅਰ ਕਾਰਡ; ਜਾਂ
  - iii) DVA ਗੋਲਡ ਕਾਰਡ ਜਿਸ ਨੂੰ ਇਨ੍ਹਾਂ ਵਿੱਚੋਂ ਕਿਸੇ ਨਾਲ ਵੀ ਜੋੜਿਆ ਗਿਆ ਹੈ:
    - ਯੁੱਧ ਵਿਧਵਾ ਜਾਂ ਯੁੱਧ ਵਿਧੁਰ ਪੈਨਸ਼ਨ;
    - ਪੂਰੀ ਤਰ੍ਹਾਂ ਅਤੇ ਸਥਾਈ ਤੌਰ 'ਤੇ ਅਸਮਰੱਥ (TPI); ਜਾਂ
    - ਅਪੰਗਤਾ ਪੈਨਸ਼ਨ (EDA)।

ਤੁਸੀਂ ਇਸ ਛੋਟ ਬਾਰੇ ਹੋਰ ਜਾਣਕਾਰੀ ਇੱਥੇ ਪ੍ਰਾਪਤ ਕਰ ਸਕਦੇ ਹੋ।

### ਅਰਜ਼ੀ ਕਿਵੇਂ ਦੇਣੀ ਹੈ

ਤੁਹਾਨੂੰ ਆਪਣੇ ਯੋਗ ਰਿਆਇਤ ਕਾਰਡ ਦੇ ਵੇਰਵੇ ਸਾਨੂੰ ਪ੍ਰਦਾਨ ਕਰਨ ਦੀ ਲੋੜ ਹੋਵੇਗੀ। ਕਿਰਪਾ ਕਰਕੇ ਆਪਣੇ ਰਿਆਇਤ ਕਾਰਡ ਦੇ ਵੇਰਵੇ ਪ੍ਰਦਾਨ ਕਰਨ ਲਈ ਜਾਂ ਐਮਪੋਲ ਐਨਰਜੀ ਵਿੱਚ ਔਨਲਾਈਨ ਸਾਈਨ-ਅੱਪ ਕਰਦੇ ਸਮੇਂ ਆਪਣੇ ਰਿਆਇਤ ਕਾਰਡ ਦੇ ਵੇਰਵੇ ਸ਼ਾਮਲ ਕਰਨ ਲਈ ਸਾਡੀ ਗਾਹਕ ਸੇਵਾ ਟੀਮ ਨੂੰ 13 14 04 (ਸੋਮਵਾਰ-ਸ਼ੁੱਕਰਵਾਰ, ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਸਿਡਨੀ ਸਮੇਂ) 'ਤੇ ਫ਼ੋਨ ਕਰੋ। ਫ਼ੋਨ ਜਾਂ ਈਮੇਲ ਰਾਹੀਂ ਬੇਨਤੀ ਕਰਨ 'ਤੇ ਅਸੀਂ ਤੁਹਾਨੂੰ ਅਰਜ਼ੀ ਫ਼ਾਰਮ ਵੀ ਪ੍ਰਦਾਨ ਕਰ ਸਕਦੇ ਹਾਂ। ਇਕ ਵਾਰ ਪੂਰਾ ਹੋਣ ਤੋਂ ਬਾਅਦ ਤੁਹਾਨੂੰ ਇਸ ਨੂੰ ਈਮੇਲ ਜਾਂ ਡਾਕ ਦੁਆਰਾ ਸਾਨੂੰ ਵਾਪਸ ਭੇਜਣ ਦੀ ਲੋੜ ਪਵੇਗੀ।

**ਈਮੇਲ**: concessions@ampolenergy.com.au

**ਡਾਕ**: Ampol Energy Life Support, GPO Box 4044, Sydney NSW 2001

## ਜੀਵਨ ਸਹਾਇਤਾ ਊਰਜਾ ਛੋਟ

### ਜੀਵਨ ਸਹਾਇਤਾ ਊਰਜਾ ਛੋਟ ਕੀ ਹੈ?

ਜੀਵਨ ਸਹਾਇਤਾ ਊਰਜਾ ਛੋਟ ਯੋਗ ਗਾਹਕਾਂ ਨੂੰ ਉਨ੍ਹਾਂ ਦੇ ਬਿਜਲੀ ਦੇ ਬਿੱਲਾਂ ਦਾ ਭੁਗਤਾਨ ਕਰਨ ਵਿੱਚ ਸਹਾਇਤਾ ਕਰਨ ਲਈ ਤਿਆਰ ਕੀਤੀ ਗਈ ਹੈ ਜਿੱਥੇ ਉਨ੍ਹਾਂ ਨੂੰ, ਜਾਂ ਉਨ੍ਹਾਂ ਦੇ ਘਰ ਵਿੱਚ ਰਹਿਣ ਵਾਲੇ ਕਿਸੇ ਹੋਰ ਵਿਅਕਤੀ ਨੂੰ ਘਰ ਵਿੱਚ ਪ੍ਰਵਾਨਿਤ ਜੀਵਨ ਸਹਾਇਤਾ ਉਪਕਰਣਾਂ ਦੀ ਵਰਤੋਂ ਦੀ ਲੋੜ ਹੁੰਦੀ ਹੈ।

### ਜੀਵਨ ਸਹਾਇਤਾ ਊਰਜਾ ਛੋਟ ਕਿੰਨੀ ਹੈ?

ਇਹ ਛੋਟ ਕਿਸੇ ਯੋਗ ਗਾਹਕ ਨੂੰ ਜਾਰੀ ਕੀਤੇ ਗਏ ਹਰੇਕ ਬਿਜਲੀ ਦੇ ਬਿੱਲ (ਦਿਨਾਂ ਦੇ ਆਧਾਰ 'ਤੇ ਗਣਨਾ ਕੀਤੀ ਜਾਂਦੀ ਹੈ) ਉਪਰ ਪ੍ਰਤੀ ਵਿੱਤੀ ਸਾਲ ਪ੍ਰਤੀ ਪਰਿਵਾਰ ਕੁੱਲ $1,343 ਤੱਕ ਜਮ੍ਹਾਂ ਰਾਸ਼ੀ ਵਜੋਂ ਦਿਖਾਈ ਦਿੰਦੀ ਹੈ।

ਹਾਲਾਂਕਿ, ਕਿਸੇ ਯੋਗ ਗਾਹਕ ਦੁਆਰਾ ਪ੍ਰਾਪਤ ਕੀਤੀ ਰੋਜ਼ਾਨਾ ਦਰ, ਘਰ ਵਿੱਚ ਵਰਤੇ ਜਾ ਰਹੇ ਪ੍ਰਵਾਨਿਤ ਜੀਵਨ ਸਹਾਇਤਾ ਉਪਕਰਣਾਂ ਦੀ ਕਿਸਮ ਦੇ ਅਧਾਰ ਤੇ ਵੱਖਰੀ ਹੋਵੇਗੀ, ਅਤੇ ਕੁਝ ਮਾਮਲਿਆਂ ਵਿੱਚ, ਵਰਤੋਂ ਦੀ ਬਾਰੰਬਾਰਤਾ (ਕਿਉਂਕਿ ਕੁਝ ਉਪਕਰਣਾਂ ਵਿੱਚ ਕੁਝ ਸਮੇਂ ਲਈ ਜਾਂ ਪੂਰੇ ਸਮੇਂ (ਦਿਨ ਵਿੱਚ 24 ਘੰਟੇ) ਵਾਲੀ ਰੋਜ਼ਾਨਾ ਦਰ ਹੁੰਦੀ ਹੈ)। ਹਰੇਕ ਕਿਸਮ ਦੇ ਪ੍ਰਵਾਨਿਤ ਜੀਵਨ ਸਹਾਇਤਾ ਉਪਕਰਣਾਂ 'ਤੇ ਲਾਗੂ ਰੋਜ਼ਾਨਾ ਦਰਾਂ ਦੇ ਵੇਰਵਿਆਂ ਲਈ ਇੱਥੇ ਦੇਖੋ।

### ਕੀ ਤੁਸੀਂ ਯੋਗ ਹੋ?

ਜੀਵਨ ਸਹਾਇਤਾ ਊਰਜਾ ਛੋਟ ਲਈ ਯੋਗ ਹੋਣ ਲਈ ਤੁਹਾਡਾ ਲਾਜ਼ਮੀ ਤੌਰ 'ਤੇ:

- NSW ਵਿੱਚ ਆਪਣੇ ਘਰ ਵਾਸਤੇ ਬਿਜਲੀ ਦਾ ਖਾਤਾ ਹੋਵੇ
- ਬਿਜਲੀ ਖਾਤੇ ਲਈ ਖਾਤਾ ਧਾਰਕ ਹੋਵੋ (ਮਤਲਬ ਖਾਤੇ ਅਤੇ ਬਿੱਲ ਤੁਹਾਡੇ ਨਾਮ 'ਤੇ ਹੋਣਾ ਚਾਹੀਦਾ ਹੈ); ਅਤੇ
- ਵੈਧ ਅਰਜ਼ੀ ਫਾਰਮ ਭਰੋ, ਜਿਸ 'ਤੇ ਕਿਸੇ ਰਜਿਸਟਰ ਹੋਏ ਡਾਕਟਰੀ ਪੇਸ਼ੇਵਰ ਦੁਆਰਾ ਦਸਤਖ਼ਤ ਕੀਤੇ ਗਏ ਹਨ ਤਾਂ ਜੋ ਇਹ ਪੁਸ਼ਟੀ ਕੀਤੀ ਜਾ ਸਕੇ ਕਿ ਤੁਹਾਨੂੰ, ਜਾਂ ਤੁਹਾਡੇ ਘਰ ਵਿੱਚ ਰਹਿਣ ਵਾਲੇ ਕਿਸੇ ਵਿਅਕਤੀ ਨੂੰ ਉਹਨਾਂ ਦੇ ਨਿਵਾਸ ਦੇ ਮੁੱਖ ਸਥਾਨ ਵਿੱਚ ਪ੍ਰਵਾਨਿਤ ਜੀਵਨ ਸਹਾਇਤਾ ਉਪਕਰਣਾਂ ਦੀ ਵਰਤੋਂ ਦੀ ਲੋੜ ਹੈ।

ਤੁਸੀਂ ਇਸ ਛੋਟ ਬਾਰੇ ਹੋਰ ਜਾਣਕਾਰੀ ਇੱਥੇ ਪ੍ਰਾਪਤ ਕਰ ਸਕਦੇ ਹੋ।

### ਅਰਜ਼ੀ ਕਿਵੇਂ ਦੇਣੀ ਹੈ

ਤੁਹਾਨੂੰ ਈਮੇਲ ਜਾਂ ਡਾਕ ਦੁਆਰਾ ਭਰੇ ਹੋਏ ਅਰਜ਼ੀ ਫ਼ਾਰਮ ਦੀ ਨਕਲ ਸਾਨੂੰ ਪ੍ਰਦਾਨ ਕਰਨ ਦੀ ਲੋੜ ਪਵੇਗੀ। ਤੁਸੀਂ ਅਰਜ਼ੀ ਫ਼ਾਰਮ ਇੱਥੇ ਲੱਭ ਸਕਦੇ ਹੋ।

**ਈਮੇਲ**: lifesupport@ampolenergy.com.au

**ਡਾਕ**: Ampol Energy Life Support, GPO Box 4044, Sydney NSW 2001

[ਡਾਕਟਰੀ ਊਰਜਾ ਛੋਟ]

## ਡਾਕਟਰੀ ਊਰਜਾ ਛੋਟ ਕੀ ਹੈ?

ਡਾਕਟਰੀ ਊਰਜਾ ਛੋਟ ਯੋਗ ਗਾਹਕਾਂ ਨੂੰ ਉਨ੍ਹਾਂ ਦੇ ਬਿਜਲੀ ਦੇ ਬਿੱਲਾਂ ਦਾ ਭੁਗਤਾਨ ਕਰਨ ਵਿੱਚ ਸਹਾਇਤਾ ਕਰਨ ਲਈ ਤਿਆਰ ਕੀਤੀ ਗਈ ਹੈ ਜਿੱਥੇ ਉਨ੍ਹਾਂ ਕੋਲ ਸਬੰਧਿਤ ਰਿਆਇਤ ਕਾਰਡ ਹੈ ਅਤੇ ਉਹ, ਜਾਂ ਉਨ੍ਹਾਂ ਦੇ ਘਰ ਵਿੱਚ ਰਹਿਣ ਵਾਲੇ ਕਿਸੇ ਵਿਅਕਤੀ ਦੀ ਬਹੁਤ ਜ਼ਿਆਦਾ ਵਾਤਾਵਰਣਕ ਤਾਪਮਾਨਾਂ (ਗਰਮ ਜਾਂ ਠੰਢੇ) ਵਿੱਚ ਆਪਣੇ ਸਰੀਰ ਦੇ ਤਾਪਮਾਨ ਨੂੰ ਸਵੈ-ਨਿਯਮਤ ਕਰਨ ਵਿੱਚ ਅਸਮਰੱਥਤਾ ਹੁੰਦੀ ਹੈ। ਸਰੀਰ ਦੇ ਤਾਪਮਾਨ ਨੂੰ ਸਵੈ-ਨਿਯਮਤ ਕਰਨ ਦੀ ਅਸਮਰੱਥਤਾ ਕੁਝ ਡਾਕਟਰੀ ਸਮੱਸਿਆਵਾਂ ਨਾਲ ਜੁੜੀ ਹੋ ਸਕਦੀ ਹੈ।

## ਡਾਕਟਰੀ ਊਰਜਾ ਛੋਟ ਕਿੰਨੀ ਹੈ?

ਇਹ ਛੋਟ ਕਿਸੇ ਯੋਗ ਗਾਹਕ ਨੂੰ ਜਾਰੀ ਕੀਤੇ ਗਏ ਹਰੇਕ ਬਿਜਲੀ ਦੇ ਬਿੱਲ (ਦਿਨਾਂ ਦੇ ਆਧਾਰ 'ਤੇ ਗਣਨਾ ਕੀਤੀ ਜਾਂਦੀ ਹੈ) ਉਪਰ ਪ੍ਰਤੀ ਵਿੱਤੀ ਸਾਲ ਪ੍ਰਤੀ ਪਰਿਵਾਰ ਕੁੱਲ $285 ਤੱਕ ਜਮ੍ਹਾਂ ਰਾਸ਼ੀ ਵਜੋਂ ਦਿਖਾਈ ਦਿੰਦੀ ਹੈ।

## ਕੀ ਤੁਸੀਂ ਯੋਗ ਹੋ?

ਡਾਕਟਰੀ ਊਰਜਾ ਛੋਟ ਲਈ ਯੋਗ ਹੋਣ ਲਈ ਤੁਹਾਡਾ ਲਾਜ਼ਮੀ ਤੌਰ 'ਤੇ:

- NSW ਵਿੱਚ ਆਪਣੇ ਘਰ ਵਾਸਤੇ ਬਿਜਲੀ ਦਾ ਖਾਤਾ ਹੋਵੇ;
- ਬਿਜਲੀ ਖਾਤੇ ਲਈ ਖਾਤਾ ਧਾਰਕ ਹੋਵੋ (ਮਤਲਬ ਖਾਤਾ ਅਤੇ ਬਿੱਲ ਤੁਹਾਡੇ ਨਾਮ 'ਤੇ ਹੋਣਾ ਚਾਹੀਦਾ ਹੈ);
- ਤੁਹਾਡੇ ਕੋਲ ਇਹ ਹੋਵੋ:
  - i) SA/DVA ਦੁਆਰਾ ਜਾਰੀ ਕੀਤਾ ਪੈਨਸ਼ਨਰ ਰਿਆਇਤ ਕਾਰਡ;
  - ii) SA ਹੈਲਥ ਕੇਅਰ ਕਾਰਡ; ਜਾਂ
  - iii) DVA ਗੋਲਡ ਕਾਰਡ; ਅਤੇ
- ਵੈਧ ਅਰਜ਼ੀ ਫ਼ਾਰਮ ਭਰੋ, ਜਿਸ 'ਤੇ ਕਿਸੇ ਰਜਿਸਟਰ ਹੋਏ ਡਾਕਟਰੀ ਪੇਸ਼ੇਵਰ ਦੁਆਰਾ ਦਸਤਖ਼ਤ ਕੀਤੇ ਗਏ ਹਨ ਤਾਂ ਜੋ ਇਹ ਪੁਸ਼ਟੀ ਕੀਤੀ ਜਾ ਸਕੇ ਕਿ ਜਾਂ ਤਾਂ ਤੁਸੀਂ, ਜਾਂ ਤੁਹਾਡੇ ਘਰ ਵਿੱਚ ਰਹਿਣ ਵਾਲਾ ਕੋਈ ਵਿਅਕਤੀ, ਸਰੀਰ ਦੇ ਤਾਪਮਾਨ ਨੂੰ ਸਵੈ-ਨਿਯਮਤ ਕਰਨ ਵਿੱਚ ਅਸਮਰੱਥ ਹੈ।

ਤੁਸੀਂ ਇਸ ਛੋਟ ਬਾਰੇ ਹੋਰ ਜਾਣਕਾਰੀ [ਇੱਥੇ] ਪ੍ਰਾਪਤ ਕਰ ਸਕਦੇ ਹੋ।

## ਅਰਜ਼ੀ ਕਿਵੇਂ ਦੇਣੀ ਹੈ

ਤੁਹਾਨੂੰ ਈਮੇਲ ਜਾਂ ਡਾਕ ਦੁਆਰਾ ਭਰੇ ਹੋਏ ਅਰਜ਼ੀ ਫ਼ਾਰਮ ਦੀ ਨਕਲ ਸਾਨੂੰ ਪ੍ਰਦਾਨ ਕਰਨ ਦੀ ਲੋੜ ਪਵੇਗੀ। ਤੁਸੀਂ ਅਰਜ਼ੀ ਫ਼ਾਰਮ [ਇੱਥੇ] ਲੱਭ ਸਕਦੇ ਹੋ।

**ਈਮੇਲ**: concessions@ampolenergy.com.au

**ਡਾਕ**: Ampol Energy, GPO Box 4044, Sydney NSW 2001

[ਪਰਿਵਾਰਕ ਊਰਜਾ ਛੋਟ]

## ਪਰਿਵਾਰਕ ਊਰਜਾ ਛੋਟ ਕੀ ਹੈ?

ਪਰਿਵਾਰਕ ਊਰਜਾ ਛੋਟ ਨਿਰਭਰ ਬੱਚਿਆਂ ਵਾਲੇ ਯੋਗ ਗਾਹਕਾਂ ਦੁਆਰਾ ਉਨ੍ਹਾਂ ਦੇ ਬਿਜਲੀ ਦੇ ਬਿੱਲਾਂ ਦਾ ਭੁਗਤਾਨ ਕਰਨ ਵਿੱਚ ਸਹਾਇਤਾ ਕਰਨ ਲਈ ਤਿਆਰ ਕੀਤੀ ਗਈ ਹੈ, ਜਿਨ੍ਹਾਂ ਨੇ ਪਿਛਲੇ ਵਿੱਤੀ ਸਾਲ ਵਿੱਚ ਕੇਂਦਰੀ ਸਰਕਾਰ ਦਾ ਪਰਿਵਾਰਕ ਟੈਕਸ ਲਾਭ ਪ੍ਰਾਪਤ ਕੀਤਾ ਸੀ।

## ਪਰਿਵਾਰਕ ਊਰਜਾ ਛੋਟ ਕਿੰਨੀ ਹੈ?

ਛੋਟ ਇਸ ਤਰ੍ਹਾਂ ਹੈ:

- ਪ੍ਰਤੀ ਪਰਿਵਾਰ, ਪ੍ਰਤੀ ਵਿੱਤੀ ਸਾਲ $180; ਜਾਂ
- ਪ੍ਰਤੀ ਪਰਿਵਾਰ, ਪ੍ਰਤੀ ਵਿੱਤੀ ਸਾਲ $20, ਜੇ ਯੋਗ ਗਾਹਕ ਨੂੰ ਘੱਟ ਆਮਦਨ ਵਾਲੀ ਘਰੇਲੂ ਛੋਟ ਵੀ ਮਿਲਦੀ ਹੈ।

### ਕੀ ਤੁਸੀਂ ਯੋਗ ਹੋ?

ਪਰਿਵਾਰਕ ਊਰਜਾ ਛੋਟ ਲਈ ਯੋਗ ਹੋਣ ਲਈ ਤੁਹਾਡਾ ਲਾਜ਼ਮੀ ਤੌਰ 'ਤੇ:

- NSW ਵਿੱਚ ਆਪਣੇ ਘਰ ਵਾਸਤੇ ਬਿਜਲੀ ਦਾ ਖਾਤਾ ਹੋਵੇ;
- ਬਿਜਲੀ ਖਾਤੇ ਲਈ ਖਾਤਾ ਧਾਰਕ ਹੋਵੋ (ਮਤਲਬ ਖਾਤੇ ਅਤੇ ਬਿੱਲ ਤੁਹਾਡੇ ਨਾਮ 'ਤੇ ਹੋਣਾ ਚਾਹੀਦਾ ਹੈ); ਅਤੇ
- ਪਿਛਲੇ ਵਿੱਤੀ ਸਾਲ ਵਿੱਚ ਪਰਿਵਾਰਕ ਟੈਕਸ ਲਾਭ ਪ੍ਰਾਪਤ ਕੀਤਾ ਹੈ ਅਤੇ ਇਹ ਕੀਤੇ ਹਨ:
    - ਪਿਛਲੇ ਵਿੱਤੀ ਸਾਲ ਲਈ ਆਪਣੀ ਟੈਕਸ ਰਿਟਰਨ, ਆਸਟ੍ਰੇਲੀਆ ਦੇ ਟੈਕਸ ਦਫ਼ਤਰ ਕੋਲ ਦਾਖ਼ਲ ਕੀਤੀ ਹੈ; ਅਤੇ
    - ਸੈਂਟਰਲਿੰਕ ਨਾਲ ਪਰਿਵਾਰਕ ਟੈਕਸ ਲਾਭ ਭੁਗਤਾਨਾਂ ਲਈ ਆਪਣੀ ਹੱਕਦਾਰੀ ਨੂੰ ਅੰਤਿਮ ਰੂਪ ਦਿੱਤਾ ਹੈ।

ਤੁਸੀਂ ਇਸ ਛੋਟ ਬਾਰੇ ਹੋਰ ਜਾਣਕਾਰੀ ਇੱਥੇ ਪ੍ਰਾਪਤ ਕਰ ਸਕਦੇ ਹੋ।

### ਅਰਜ਼ੀ ਕਿਵੇਂ ਦੇਣੀ ਹੈ

ਪਰਿਵਾਰਕ ਊਰਜਾ ਛੋਟ ਲਈ ਤੁਹਾਨੂੰ ਸਿੱਧੇ NSW ਸਰਕਾਰ ਨੂੰ ਅਰਜ਼ੀ ਦੇਣੀ ਚਾਹੀਦੀ ਹੈ। ਕਿਰਪਾ ਕਰਕੇ ਔਨਲਾਈਨ ਅਰਜ਼ੀ ਦੇਣ ਲਈ ਸਰਵਿਸ NSW 'ਤੇ ਜਾਓ ਜਾਂ ਇਹ ਪਤਾ ਕਰੋ ਕਿ ਡਾਕ ਰਾਹੀਂ ਅਰਜ਼ੀ ਫ਼ਾਰਮ ਕਿਵੇਂ ਜਮ੍ਹਾਂ ਕਰਨਾ ਹੈ।

## ਬਜ਼ੁਰਗਾਂ ਲਈ ਊਰਜਾ ਛੋਟ

### ਬਜ਼ੁਰਗਾਂ ਲਈ ਊਰਜਾ ਛੋਟ ਕੀ ਹੈ?

ਬਜ਼ੁਰਗਾਂ ਲਈ ਊਰਜਾ ਛੋਟ ਯੋਗ ਗਾਹਕਾਂ ਦੀ ਸਹਾਇਤਾ ਕਰਨ ਲਈ ਤਿਆਰ ਕੀਤੀ ਗਈ ਹੈ, *ਜੋ ਆਪਣੇ ਪੈਸਿਆਂ ਨਾਲ ਸੇਵਾ-ਮੁਕਤ ਜੀਵਨ ਜੀਅ ਰਹੇ ਹਨ ਅਤੇ ਆਪਣੇ ਬਿਜਲੀ ਦੇ ਬਿੱਲਾਂ ਦੀ ਲਾਗਤ ਨੂੰ ਪੂਰਾ ਕਰਨ ਵਿੱਚ ਮਦਦ ਕਰਨ ਲਈ* ਉਨ੍ਹਾਂ ਕੋਲ ਕੇਂਦਰੀ ਸਰਕਾਰ ਦਾ ਮੌਜੂਦਾ ਸੀਨੀਅਰਜ਼ ਹੈਲਥ ਕਾਰਡ ਹੈ।

### ਬਜ਼ੁਰਗਾਂ ਲਈ ਊਰਜਾ ਛੋਟ ਕਿੰਨੀ ਹੈ?

ਇਹ ਛੋਟ ਪ੍ਰਤੀ ਪਰਿਵਾਰ 200 ਡਾਲਰ ਪ੍ਰਤੀ ਵਿੱਤੀ ਸਾਲ ਹੈ।

### ਕੀ ਤੁਸੀਂ ਯੋਗ ਹੋ?

ਬਜ਼ੁਰਗਾਂ ਵਾਲੀ ਊਰਜਾ ਛੋਟ ਲਈ ਯੋਗ ਹੋਣ ਲਈ ਤੁਹਾਡਾ ਲਾਜ਼ਮੀ ਤੌਰ 'ਤੇ:

- SA/DVA ਦੁਆਰਾ ਜਾਰੀ ਕੀਤਾ ਕੇਂਦਰੀ ਸਰਕਾਰ ਦਾ ਮੌਜੂਦਾ ਸੀਨੀਅਰਜ਼ ਹੈਲਥ ਕੇਅਰ ਕਾਰਡ ਹੈ;
- ਬਿਜਲੀ ਵਾਲੇ ਬਿੱਲ 'ਤੇ ਖਾਤਾ ਧਾਰਕ ਵਜੋਂ ਨਾਮ ਲਿਖਿਆ ਹੋਣਾ ਚਾਹੀਦਾ ਹੈ;
- NSW ਵਿੱਚ ਰਹਿ ਕੇ ਆਪਣੇ ਪੈਸਿਆਂ ਨਾਲ ਸੇਵਾ-ਮੁਕਤ ਜੀਵਨ ਜਿਉਂਦੇ ਹੋ; ਅਤੇ
- ਆਪਣੇ ਨਿਵਾਸ ਦੇ ਮੁੱਖ ਸਥਾਨ ਲਈ ਛੋਟ ਲਈ ਅਰਜ਼ੀ ਦੇ ਰਹੇ ਹੋਵੋ।

ਤੁਸੀਂ ਇਸ ਛੋਟ ਬਾਰੇ ਹੋਰ ਜਾਣਕਾਰੀ ਇੱਥੇ ਪ੍ਰਾਪਤ ਕਰ ਸਕਦੇ ਹੋ।

### ਅਰਜ਼ੀ ਕਿਵੇਂ ਦੇਣੀ ਹੈ

ਬਜ਼ੁਰਗਾਂ ਵਾਲੀ ਊਰਜਾ ਛੋਟ ਲਈ ਤੁਹਾਨੂੰ ਸਿੱਧੇ NSW ਸਰਕਾਰ ਨੂੰ ਅਰਜ਼ੀ ਦੇਣੀ ਚਾਹੀਦੀ ਹੈ। ਕਿਰਪਾ ਕਰਕੇ ਔਨਲਾਈਨ ਅਰਜ਼ੀ ਦੇਣ ਲਈ ਸਰਵਿਸ NSW 'ਤੇ ਜਾਓ ਜਾਂ ਇਹ ਪਤਾ ਕਰੋ ਕਿ ਕਿਸੇ ਸਰਵਿਸ NSW ਦੇ ਕੇਂਦਰ ਵਿਖੇ ਵਿਅਕਤੀਗਤ ਤੌਰ 'ਤੇ ਅਰਜ਼ੀ ਕਿਵੇਂ ਦੇਣੀ ਹੈ।

# ਊਰਜਾ ਖਾਤਿਆਂ ਲਈ ਭੁਗਤਾਨ ਸਹਾਇਤਾ (EAPA)

## EAPA ਕੀ ਹੈ?

EAPA, NSW ਦੀ ਸਰਕਾਰੀ ਸਕੀਮ ਹੈ ਜੋ ਰਿਹਾਇਸ਼ੀ ਗਾਹਕਾਂ ਦੀ ਮਦਦ ਕਰਨ ਲਈ ਤਿਆਰ ਕੀਤੀ ਗਈ ਹੈ ਜੋ ਥੋੜ੍ਹੇ ਸਮੇਂ ਦੇ ਵਿੱਤੀ ਸੰਕਟ ਜਾਂ ਐਮਰਜੈਂਸੀ (ਉਦਾਹਰਨ ਲਈ ਆਮਦਨ ਦਾ ਬੰਦ ਹੋਣਾ, ਅਚਾਨਕ ਡਾਕਟਰੀ ਖਰਚੇ, ਕੁਦਰਤੀ ਆਫ਼ਤ, ਕੁਨੈਕਸ਼ਨ ਕੱਟਣ ਦੀ ਚਿੱਠੀ ਮਿਲਣੀ) ਦੇ ਕਾਰਨ ਆਪਣੇ ਊਰਜਾ ਬਿੱਲ ਦਾ ਭੁਗਤਾਨ ਕਰਨ ਵਿੱਚ ਮੁਸ਼ਕਿਲ ਦਾ ਸਾਹਮਣਾ ਕਰ ਰਹੇ ਹਨ।

## EAPA ਕਿੰਨੀ ਹੈ?

ਯੋਗ ਗਾਹਕ $50 ਦੇ ਇਕ ਜਾਂ ਵਧੇਰੇ EAPA ਵਾਊਚਰ ਪ੍ਰਾਪਤ ਕਰ ਸਕਦੇ ਹਨ, ਜੋ ਉਨ੍ਹਾਂ ਦੇ ਬਿਜਲੀ ਜਾਂ ਕੁਦਰਤੀ ਗੈਸ ਬਿੱਲ ਦਾ ਭੁਗਤਾਨ ਕਰਨ ਲਈ ਵਰਤੇ ਜਾ ਸਕਦੇ ਹਨ।

## ਕੀ ਤੁਸੀਂ ਯੋਗ ਹੋ?

EAPA ਲਈ ਯੋਗ ਹੋਣ ਲਈ ਤੁਹਾਡਾ ਲਾਜ਼ਮੀ ਤੌਰ 'ਤੇ:

- NSW ਵਿੱਚ ਆਪਣੇ ਘਰ ਵਾਸਤੇ ਬਿਜਲੀ ਜਾਂ ਕੁਦਰਤੀ ਗੈਸ ਦਾ ਖਾਤਾ ਹੋਵੇ;
- ਬਿਜਲੀ ਜਾਂ ਕੁਦਰਤੀ ਗੈਸ ਖਾਤੇ ਲਈ ਖਾਤਾ ਧਾਰਕ ਹੋਵੋ (ਮਤਲਬ ਖਾਤਾ ਅਤੇ ਬਿੱਲ ਤੁਹਾਡੇ ਨਾਮ 'ਤੇ ਹੋਣਾ ਚਾਹੀਦਾ ਹੈ);
- ਆਪਣੇ ਸਭ ਤੋਂ ਤਾਜ਼ਾ ਬਿੱਲ ਦਾ ਭੁਗਤਾਨ ਨਹੀਂ ਕੀਤਾ ਹੈ (ਅਤੇ ਉਹ ਬਿੱਲ ਲਾਜ਼ਮੀ ਤੌਰ 'ਤੇ ਉਸ ਖਾਤੇ ਲਈ ਹੋਣਾ ਚਾਹੀਦਾ ਹੈ ਜੋ ਅਜੇ ਵੀ ਚੱਲਦਾ ਹੈ); ਅਤੇ
- ਥੋੜ੍ਹੇ ਸਮੇਂ ਲਈ ਵਿੱਤੀ ਸੰਕਟ ਜਾਂ ਐਮਰਜੈਂਸੀ ਹੋ ਰਹੀ ਹੈ ਅਤੇ ਆਪਣੇ ਹਾਲੀਆ ਊਰਜਾ ਬਿੱਲ ਦਾ ਭੁਗਤਾਨ ਕਰਨਾ ਮੁਸ਼ਕਿਲ ਹੋ ਰਿਹਾ ਹੈ।

ਤੁਸੀਂ ਇਸ ਛੋਟ ਬਾਰੇ ਹੋਰ ਜਾਣਕਾਰੀ ਇੱਥੇ ਪ੍ਰਾਪਤ ਕਰ ਸਕਦੇ ਹੋ।

## ਅਰਜ਼ੀ ਕਿਵੇਂ ਦੇਣੀ ਹੈ

ਤੁਹਾਨੂੰ ਲਾਜ਼ਮੀ ਤੌਰ 'ਤੇ EAPA ਵਾਸਤੇ ਸਿੱਧੇ ਤੌਰ 'ਤੇ NSW ਦੀ ਸਰਕਾਰ ਜਾਂ ਕਿਸੇ ਮਾਨਤਾ ਪ੍ਰਾਪਤ ਗ਼ੈਰ-ਸਰਕਾਰੀ EAPA ਪ੍ਰਦਾਤੇ (ਜਿਵੇਂ ਕਿ ਸਾਲਵੇਸ਼ਨ ਆਰਮੀ, ਸੇਂਟ ਵਿਨਸੈਂਟ ਡੀ ਪਾਲ ਆਦਿ) ਨੂੰ ਅਰਜ਼ੀ ਦੇਣੀ ਚਾਹੀਦੀ ਹੈ। ਕਿਰਪਾ ਕਰਕੇ ਔਨਲਾਈਨ ਅਰਜ਼ੀ ਦੇਣ ਲਈ ਸਰਵਿਸਜ਼ NSW 'ਤੇ ਜਾਓ ਜਾਂ ਇਹ ਪਤਾ ਕਰੋ ਕਿ ਤੁਸੀਂ ਕਿਸੇ ਗ਼ੈਰ-ਸਰਕਾਰੀ EAPA ਪ੍ਰਦਾਤੇ ਕੋਲ ਵਿਅਕਤੀਗਤ ਤੌਰ 'ਤੇ ਜਾਂ ਫ਼ੋਨ 'ਤੇ ਕਿਵੇਂ ਅਰਜ਼ੀ ਦੇ ਸਕਦੇ ਹੋ।

ਹਾਲਾਂਕਿ, ਜੇ ਤੁਹਾਨੂੰ ਆਪਣੇ ਬਿੱਲਾਂ ਦਾ ਭੁਗਤਾਨ ਕਰਨ ਵਿੱਚ ਮੁਸ਼ਕਿਲ ਆ ਰਹੀ ਹੈ, ਤਾਂ ਕਿਰਪਾ ਕਰਕੇ ਸਾਡੀ ਗਾਹਕ ਸੇਵਾ ਟੀਮ ਨਾਲ 13 14 04 (ਸੋਮਵਾਰ - ਸ਼ੁੱਕਰਵਾਰ, ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਸਿਡਨੀ ਸਮਾਂ) 'ਤੇ ਵੀ ਸੰਪਰਕ ਕਰੋ। ਅਸੀਂ ਆਪਣੇ ਐਮਪੋਲ ਊਰਜਾ ਸਹਾਇਤਾ ਮੁਸ਼ਕਿਲ ਪ੍ਰੋਗਰਾਮ ਦੇ ਹਿੱਸੇ ਵਜੋਂ ਸਹਾਇਤਾ ਦੇ ਨਾਲ-ਨਾਲ EAPA ਰਾਹੀਂ ਉਪਲਬਧ ਕਿਸੇ ਵੀ ਸਹਾਇਤਾ ਬਾਰੇ ਵਿਚਾਰ-ਵਟਾਂਦਰਾ ਕਰ ਸਕਦੇ ਹਾਂ।